# ਅਨੁਪਾਤਕ ਪ੍ਰਤੀਨਿਧਤਾ ਵੋਟਿੰਗ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ?




**ਸੰਘੀ ਚੋਣਾਂ ਲਈ, ਆਸਟ੍ਰੇਲੀਆ Senate (ਸੈਨੇਟ) ਦੀ ਚੋਣ ਕਰਨ ਲਈ ਅਨੁਪਾਤਕ ਪ੍ਰਤੀਨਿਧਤਾ ਵੋਟਿੰਗ ਦੀ ਵਰਤੋਂ ਕਰਦਾ ਹੈ।**

Senate (ਸੈਨੇਟ) ਲਈ ਵੋਟ ਪਾਉਂਦੇ ਸਮੇਂ, ਤੁਸੀਂ ਸਫ਼ੈਦ ਬੈਲਟ ਪੇਪਰ ਵਰਤਦੇ ਹੋ ਅਤੇ ਤੁਹਾਡੀ ਤਰਜੀਹ ਦੇ ਕ੍ਰਮ ਵਿੱਚ ਉਮੀਦਵਾਰਾਂ ਨੂੰ ਕ੍ਰਮ ਵਧ ਕਰੋ ਜਾਂ ਰਾਜਨੀਤਿਕ ਪਾਰਟੀਆਂ ਨੂੰ ਕ੍ਰਮ ਵਧ ਕਰੋ।

ਇਸਦਾ ਮਤਲਬ ਹੈ ਕਿ ਉਮੀਦਵਾਰ ਨੂੰ ਚੁਣੇ ਜਾਣ ਲਈ ਇੱਕ ਨਿਸ਼ਚਿਤ ਗਿਣਤੀ ਵਿੱਚ ਵੋਟਾਂ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ, ਜਿਸਨੂੰ ਕੋਟਾ (quota) ਵੀ ਕਿਹਾ ਜਾਂਦਾ ਹੈ। ਇਹ ਕੋਟਾ ਹੇਠਾਂ ਦਿੱਤੇ ਫਾਰਮੂਲੇ ਦੀ ਵਰਤੋਂ ਕਰਕੇ ਕੱਢਿਆ ਜਾਂਦਾ ਹੈ:

$$\frac{\text{ਵੋਟਾਂ ਦੀ ਗਿਣਤੀ}}{(\text{ਚੋਣਾਂ ਕਿੰਨੀਆਂ ਸੀਟਾਂ ਲਈ ਹੋ ਰਹੀਆਂ ਹਨ} + 1)} + 1$$


ਲੋਕਾਂ ਲਈ ਵੋਟ ਪਾਉਣ ਦੇ ਦੋ ਤਰੀਕੇ ਹਨ, ਪਰ ਤੁਸੀਂ ਉਹਨਾਂ ਵਿੱਚੋਂ ਸਿਰਫ਼ ਇੱਕ ਨੂੰ ਚੁਣ ਕੇ ਵੋਟ ਪਾ ਸਕਦੇ ਹੋ।

1. ਲੇਟਵੀਂ ਲਕੀਰ ਦੇ ਉੱਪਰ ਸਿਆਸੀ ਪਾਰਟੀਆਂ ਦੇ ਲਿਖੇ ਨਾਵਾਂ ਨੂੰ ਆਪਣੀ ਪਸੰਦ ਮੁਤਾਬਕ ਕ੍ਰਮਵਾਰ ਅੰਕ ਦੇਣਾ ਇਸ ਨੂੰ 'ਵੋਟਿੰਗ ਅਬਵ ਦ ਲਾਈਨ' (ਲਾਈਨ ਤੋਂ ਉੱਪਰ ਵੋਟਿੰਗ ਕਰਨਾ) ਕਿਹਾ ਜਾਂਦਾ ਹੈ।
2. ਆਪਣੀ ਤਰਜੀਹ ਦੇ ਕ੍ਰਮ ਵਿੱਚ ਉਮੀਦਵਾਰਾਂ ਨੂੰ ਕ੍ਰਮ ਵਧ ਕਰੋ। ਇਸ ਨੂੰ ਵੋਟਿੰਗ ਬਿਲੋ ਦ ਲਾਈਨ (ਲਾਈਨ ਦੇ ਹੇਠਾਂ ਵੋਟਿੰਗ ਕਰਨਾ) ਕਿਹਾ ਜਾਂਦਾ ਹੈ।

ਜਿਸ ਉਮੀਦਵਾਰ/ਪਾਰਟੀ ਦੇ ਅੱਗੇ ਤੁਸੀਂ ਨੰਬਰ 1 ਲਿਖਦੇ ਹੋ, ਉਹ ਵੋਟ ਲਈ ਤੁਹਾਡੀ ਪਹਿਲੀ ਤਰਜੀਹ ਹੈ। ਜਿਸ ਉਮੀਦਵਾਰ/ਪਾਰਟੀ ਦੇ ਅੱਗੇ ਤੁਸੀਂ ਨੰਬਰ 2 ਲਿਖਦੇ ਹੋ, ਉਹ ਵੋਟ ਲਈ ਤੁਹਾਡੀ ਦੂਜੀ ਤਰਜੀਹ ਹੈ।

ਯਾਦ ਰੱਖੋ ਕਿ ਜੇਕਰ ਤੁਸੀਂ ਰਾਜਨੀਤਿਕ ਪਾਰਟੀਆਂ ਨੂੰ ਨੰਬਰ ਦੇ ਕੇ ਕ੍ਰਮ ਵਧ ਕਰਦੇ ਹੋ, ਤਾਂ ਤੁਸੀਂ ਆਪਣੀ ਤਰਜੀਹ ਮੁਤਾਬਿਕ ਉਸ ਪਾਰਟੀ ਦੇ ਉਮੀਦਵਾਰਾਂ ਨੂੰ ਕ੍ਰਮ ਵਧ ਨਹੀਂ ਕਰ ਸਕਦੇ ਹੋ।

## Senate (ਸੈਨੇਟ) ਵਿੱਚ ਵੋਟਾਂ ਦੀ ਗਿਣਤੀ ਕਿਵੇਂ ਕੀਤੀ ਜਾਂਦੀ ਹੈ?



ਪਹਿਲੀ ਤਰਜੀਹ ਵਾਲੀਆਂ ਵੋਟਾਂ ਦੀ ਗਿਣਤੀ ਕੀਤੀ ਜਾਂਦੀ ਹੈ।




**ਜੋ ਉਮੀਦਵਾਰ ਕੋਟੇ ਤੱਕ ਪਹੁੰਚਦੇ ਹਨ। ਉਹ ਚੁਣੇ ਜਾਂਦੇ ਹਨ।**



ਚੁਣੇ ਗਏ ਉਮੀਦਵਾਰ ਦੀਆਂ ਸਰਪਲਸ ਵੋਟਾਂ (ਕੋਟੇ ਦੀ ਗਿਣਤੀ ਤੋਂ ਵੱਧ ਵੋਟਾਂ) ਦੂਜੀ ਤਰਜੀਹ ਵਾਲੇ ਉਨ੍ਹਾਂ ਉਮੀਦਵਾਰਾਂ ਨੂੰ ਦੇ ਦਿੱਤੀਆਂ ਜਾਂਦੀਆਂ ਹਨ ਜੋ ਘੱਟ ਗਿਣਤੀ ਕਾਰਨ ਕੋਟੇ ਤੱਕ ਨਹੀਂ ਪਹੁੰਚੇ ਹਨ। ਦੂਜੀ ਤਰਜੀਹ ਵਾਲੀਆਂ ਵੋਟਾਂ ਉਹਨਾਂ ਵੋਟਾਂ ਵਿੱਚ ਜੋੜੀਆਂ ਜਾਂਦੀਆਂ ਹਨ ਜੋ ਉਮੀਦਵਾਰਾਂ ਨੂੰ ਪਹਿਲਾਂ ਹੀ ਮਿਲ ਚੁੱਕੀਆਂ ਹੁੰਦੀਆਂ ਹਨ।

ਇਹ ਪ੍ਰਕਿਰਿਆ ਉਦੋਂ ਤੱਕ ਜਾਰੀ ਰਹਿੰਦੀ ਹੈ ਜਦੋਂ ਤੱਕ ਕੋਈ ਵੀ ਵਾਧੂ (ਸਰਪਲਸ) ਵੋਟਾਂ ਬਾਕੀ ਨਹੀਂ ਬਚਦੀਆਂ ਹਨ



ਜਦੋਂ ਕੋਈ ਵੀ ਵਾਧੂ ਵੋਟਾਂ ਬਾਕੀ ਨਹੀਂ ਰਹਿ ਜਾਂਦੀਆਂ, ਤਾਂ ਸਭ ਤੋਂ ਘੱਟ ਵੋਟਾਂ ਵਾਲੇ ਉਮੀਦਵਾਰ ਨੂੰ ਬਾਹਰ ਕਰ ਦਿੱਤਾ ਜਾਂਦਾ ਹੈ। ਬਾਹਰ ਕੀਤੇ ਗਏ ਉਮੀਦਵਾਰ ਦੀਆਂ ਵੋਟਾਂ ਨੂੰ ਦੂਜੀ ਤਰਜੀਹ ਮੁਤਾਬਿਕ ਬਾਕੀ ਉਮੀਦਵਾਰਾਂ ਨੂੰ ਦੇ ਦਿੱਤਾ ਜਾਂਦਾ ਹੈ ਜੋ ਆਮ ਗਿਣਤੀ ਦੇ ਕੋਟੇ ਤੱਕ ਨਹੀਂ ਪਹੁੰਚੇ ਹਨ।

ਜਦੋਂ ਤੱਕ ਲੋੜੀਂਦੇ ਉਮੀਦਵਾਰਾਂ ਦੀ ਗਿਣਤੀ ਪੂਰੀ ਹੋਣ ਤੱਕ ਇਹ ਇਸੇ ਤਰੀਕੇ ਨਾਲ ਜਾਰੀ ਰਹਿੰਦਾ ਹੈ ।


# ਅਨੁਪਾਤਕ ਪ੍ਰਤੀਨਿਧਤਾ ਵੋਟਿੰਗ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ?

## ਉਦਾਹਰਨ

ਗ੍ਰੇਸ ਦੀ ਸਪੋਰਟਸ ਐਸੋਸੀਏਸ਼ਨ ਅਨੁਪਾਤਕ ਪ੍ਰਤੀਨਿਧਤਾ ਵੋਟਿੰਗ ਪ੍ਰਣਾਲੀ ਦੀ ਵਰਤੋਂ ਕਰਕੇ ਨਵੇਂ ਬੋਰਡ ਮੈਂਬਰਾਂ ਦੀ ਚੋਣ ਕਰ ਰਹੀ ਹੈ।





ਬੋਰਡ ਵਿੱਚ 3 ਅਹੁਦੇ ਹਨ ਅਤੇ ਇਸ ਚੋਣ 'ਚ 1000 ਲੋਕ ਵੋਟ ਪਾ ਰਹੇ ਹਨ।



ਇਸ ਦਾ ਮਤਲਬ ਹੈ ਕਿ ਕੋਟਾ ਉਮੀਦਵਾਰਾਂ ਨੂੰ ਜਿੱਤਣ ਲਈ 251 ਵੋਟਾਂ ਦੀ ਲੋੜ ਹੈ।


{1000/(3+1) + 1 = 251}





ਇਸ ਚੋਣ ਵੱਖ-ਵੱਖ ਖੇਡ ਕਲੱਬਾਂ ਦੇ 5 ਉਮੀਦਵਾਰ ਹਨ।



ਚੋਣ ਵਾਲੇ ਦਿਨ, ਗ੍ਰੇਸ ਨੂੰ ਵਿਚਕਾਰ ਲਾਈਨ ਲੱਗਿਆ ਬੈਲਟ ਪੇਪਰ ਮਿਲਦਾ ਹੈ। ਸਾਰੇ ਸਪੋਰਟਸ ਕਲੱਬਾਂ ਨੂੰ ਖਾਸ ਕ੍ਰਮ ਵਿੱਚ ਉਹਨਾਂ ਦੇ ਉਮੀਦਵਾਰਾਂ ਦੇ ਨਾਲ ਲਾਈਨ ਦੇ ਉੱਪਰ ਸੂਚੀਬੱਧ ਕੀਤਾ ਗਿਆ ਹੈ। ਉਸ ਲਾਈਨ ਦੇ ਹੇਠਾਂ, ਉਹ ਉਮੀਦਵਾਰਾਂ ਦੇ ਨਾਮ ਮਰੀਅਮ, ਯਾਹੀਆ, ਰੋਜ਼ੀ,ਸੋਫ਼ੀਆ ਅਤੇ ਅਦਾ ਅਤੇ ਉਨ੍ਹਾਂ ਦੇ ਸਪੋਰਟਸ ਕਲੱਬ ਦੇ ਨਾਵਾਂ ਨੂੰ ਪੜ੍ਹ ਸਕਦੀ ਹੈ।




ਪਹਿਲੀ ਗਿਣਤੀ ਹੋਣ ਤੋਂ ਬਾਅਦ, ਯਾਹੀਆ ਨੂੰ 530, ਸੋਫ਼ੀਆ ਨੂੰ 150, ਮਰੀਅਮ ਨੂੰ 90, ਰੋਜ਼ੀ ਨੂੰ 100 ਅਤੇ ਅਦਾ ਨੂੰ 130 ਵੋਟਾਂ ਮਿਲੀਆਂ ਹਨ।





ਯਾਹੀਆ ਨੂੰ ਬੋਰਡ ਦਾ ਮੈਂਬਰ ਚੁਣਿਆ ਲਿਆ ਗਿਆ ਹੈ ਕਿਉਂਕਿ ਉਸ ਨੂੰ ਲੋੜੀਂਦੀਆਂ ਵੋਟਾਂ ਦੀ ਗਿਣਤੀ (ਕੋਟਾ) ਮਿਲ ਚੁੱਕੀ ਹੈ।



ਉਸ ਨੂੰ ਚੁਣੇ ਜਾਣ ਲਈ ਲੋੜੀਂਦੀਆਂ 251 ਵੋਟਾਂ ਨਾਲੋਂ 279 ਵੋਟਾਂ ਵੱਧ ਮਿਲੀਆਂ ਹਨ। ਇਨ੍ਹਾਂ ਵੋਟਾਂ ਨੂੰ ਸਰਪਲੱਸ ਵੋਟਾਂ (ਵਾਧੂ ਵੋਟਾਂ) ਕਿਹਾ ਜਾਂਦਾ ਹੈ। ਹੁਣ ਯਾਹਿਆ ਨੂੰ ਵੋਟ ਪਾਉਣ ਵਾਲਿਆਂ ਦੀ ਦੂਜੀ ਤਰਜੀਹ ਵਾਲੀਆਂ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਘੱਟ ਵੋਟਾਂ ਵਾਲੇ ਮੁੱਲ 'ਤੇ ਦੂਜੇ ਉਮੀਦਵਾਰਾਂ ਦੀਆਂ ਵੋਟਾਂ ਦੀ ਗਿਣਤੀ ਵਿੱਚ ਜੋੜਿਆ ਜਾਵੇਗਾ, ਜਿਸਨੂੰ ਟ੍ਰਾਂਸਫਰ ਮੁੱਲ ਕਿਹਾ ਜਾਂਦਾ ਹੈ।




ਇਹ ਵੋਟਾਂ ਨੂੰ ਟਰਾਂਸਫਰ ਕਰਨ ਤੋਂ ਬਾਅਦ, ਸੋਫ਼ੀਆ ਨੂੰ 199, ਰੋਜ਼ੀ ਨੂੰ 165, ਅਦਾ ਨੂੰ 163 ਅਤੇ ਮਰੀਅਮ ਨੂੰ 122 ਵੋਟਾਂ ਮਿਲੀਆਂ ਹਨ। ਕਿਉਂਕਿ ਕਿਸੇ ਹੋਰ ਉਮੀਦਵਾਰ ਕੋਲ ਕੋਈ ਵਾਧੂ ਵੋਟ ਨਹੀਂ ਹੈ, ਇਸ ਲਈ ਸਭ ਤੋਂ ਘੱਟ ਵੋਟਾਂ ਵਾਲੀ ਉਮੀਦਵਾਰ ਮਰੀਅਮ ਨੂੰ ਬਾਹਰ ਕਰ ਦਿੱਤਾ ਜਾਂਦਾ ਹੈ।

ਮਰੀਅਮ ਨੂੰ ਵੋਟ ਪਾਉਣ ਵਾਲੇ ਲੋਕਾਂ ਦੀਆਂ ਸਾਰੀਆਂ ਵੋਟਾਂ ਨੂੰ ਉਨ੍ਹਾਂ ਦੀ ਦੂਜੀ ਤਰਜੀਹ ਅਨੁਸਾਰ ਉਨ੍ਹਾਂ ਦੇ ਆਮ ਮੁੱਲ 'ਤੇ ਬਾਕੀ ਉਮੀਦਵਾਰਾਂ ਨੂੰ ਦੇ ਦਿੱਤਾ ਜਾਵੇਗਾ।

ਇਹ ਪ੍ਰਕਿਰਿਆ ਉਦੋਂ ਤੱਕ ਜਾਰੀ ਰਹਿੰਦੀ ਹੈ ਜਦੋਂ ਤੱਕ ਬੋਰਡ ਦੀਆਂ ਸਾਰੀਆਂ ਅਸਾਮੀਆਂ ਭਰ ਨਹੀਂ ਜਾਂਦੀਆਂ ਹਨ।

